
ਸਚਿੱਤਰ ਨਰਸਰੀ ਗੀਤ ਸੀਰੀਜ਼

# ਮੇਰਾ ਦੀਵਾ

9



ਭਾਸ਼ਾ ਵਿਭਾਗ, ਪੰਜਾਬ

# ਮੇਰਾ ਦੀਵਾਂ

ਮਨਮੋਹਨ ਸਿੰਘ ਦਾਊ

ਭਾਸ਼ਾ ਵਿਭਾਗ, ਪੰਜਾਬ

**MERA DEEWA** ***(In Punjabi)***

**Manmohan Singh Daun**

**ਮੇਰਾ ਦੀਵਾ**

ਮਨਮੋਹਨ **ਸਿੰਘ ਦਾਊਂ**

© : ਭਾਸ਼ਾ ਵਿਭਾਗ, ਪੰਜਾਬ

ਪਹਿਲਾ ਐਡੀਸ਼ਨ : 2001

ਕਾਪੀਆਂ : 2000

ਕੀਮਤ : 14/-ਰੁਪਏ

0120-ਭਾ.ਵਿ.ਸ.-1279

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਛਾਪਕ : ਅਜ਼ਾਦ ਆਵਾਜ਼ ਪ੍ਰਿੰਟਰਜ, ਪਟਿਆਲਾ

ਰਾਹੀ : ਕੰਟਰੋਲਰ, ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ

# ਦੋ ਸ਼ਬਦ

ਪੰਜਾਬੀ ਵਿਚ ਬਾਲ ਸ਼ਾਹਿਤ ਦੀ ਘਾਟ ਨੂੰ ਪੂਰਾ ਕਰਨ ਲਈ ਭਾਸ਼ਾ ਵਿਭਾਗ, ਪੰਜਾਬ ਨੇ ਇਕ ਯੋਜਨਾ ਬਣਾਈ ਹੈ, ਜਿਸ ਅਨੁਸਾਰ ਵੱਖ ਵੱਖ ਸੀਰੀਜ਼ ਅਧੀਨ ਬਾਲ ਪੁਸਤਕਾਂ ਪ੍ਰਕਾਸ਼ਿਤ ਕਰਨ ਦਾ ਪ੍ਰੋਗਰਾਮ ਹੈ। ਕਈ ਮੁਸ਼ਕਲਾਂ ਅਤੇ ਅੜਿਚਨਾਂ ਦੇ ਬਾਵਜੂਦ ਵਿਭਾਗ ਇਸ ਖੇਤਰ ਵਿਚ ਲਗਾਤਾਰ ਅੱਗੇ ਵੱਧ ਰਿਹਾ ਹੈ। ਇਸ ਦੇ ਮਹੱਤਵ ਨੂੰ ਧਿਆਨ ਵਿਚ ਰਖਦਿਆਂ ਇਸ ਵਿਚ ਗੁਣਾਤਮਕ ਅਤੇ ਗਿਣਨਾਤਮਕ ਵਾਧਾ ਕਰਨ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ। ਕਵਿਤਾ ਵਿਸ਼ਵ ਸਾਹਿਤ ਦਾ ਉਹ ਪਹਿਲਾ ਰੂਪ ਹੈ ਜਿਸ ਵਿੱਚ ਸਾਹਿਤ ਦੀ ਰਚਨਾ ਅਰੰਭ ਹੋਈ। ਇਹ ਗੱਲ ਭਾਰਤੀ ਸਾਹਿਤ ਦੇ ਸਬੰਧ ਵਿਚ ਵੀ ਸੱਚ ਹੈ। ਕਵਿਤਾ ਨੂੰ ਸਾਹਿਤ ਸਿਰਜਨ ਦਾ ਮਾਧਿਅਮ ਬਣਾਉਣ ਦਾ ਕਾਰਨ ਇਹ ਸੀ ਕਿ ਛੰਦ ਬੱਧ ਸਾਹਿਤ ਨੂੰ ਜ਼ਬਾਨੀ ਯਾਦ ਕਰਨਾ ਅਤੇ ਰੱਖਣਾ ਮੁਕਾਬਲਤਨ ਸੌਖਾ ਹੈ। ਪ੍ਰਾਚੀਨ ਸਮੇ ਵਿਚ ਛਪਾਈ ਸਹੂਲਤਾਂ ਕਾਫੀ ਨਾ ਹੋਣ ਕਾਰਨ ਵਧੇਰੇ ਸਾਹਿਤ ਜ਼ਬਾਨੀ ਯਾਦ ਕਰਨਾ ਪੈਂਦਾ ਸੀ ਅਤੇ ਇਸ ਤਰ੍ਹਾਂ ਸਾਹਿਤ ਪੁਸ਼ਤ ਦਰ ਪੁਸ਼ਤ ਚਲਦਾ ਰਹਿੰਦਾ ਸੀ। ਭਾਵੇ ਆਧੁਨਿਕ ਕਾਲ ਵਾਰਤਕ ਪ੍ਰਧਾਨ ਯੁਗ ਹੈ ਪਰੰਤੂ ਕਾਵਿ ਸਾਹਿਤ ਦੇ ਪ੍ਰਾਚੀਨ ਸ਼ਾਹਕਾਰਾਂ ਦਾ ਸਥਾਨ ਅਦੁੱਤੀ ਹੈ। ਪ੍ਰਸਿੱਧ ਪੱਛਮੀ ਸਾਹਿਤਕਾਰ ਮਿਲਟਨ, ਭਾਰਤ ਦੇ ਸੰਸਕ੍ਰਿਤ ਸਾਹਿਤਕਾਰ ਕਾਲੀਦਾਸ ਅਤੇ ਪੰਜਾਬੀ ਦੇ ਗੁਰੂ ਅਰਜਨ ਦੇਵ ਜੀ ਨੂੰ ਇਸ ਸਬੰਧ ਵਿਚ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।

ਕਵਿਤਾ, ਬੱਚਿਆਂ ਦਾ ਮਨਭਾਉਂਦਾ ਰੂਪ ਹੈ। ਕਵਿਤਾ ਨਾਲ ਬੱਚਿਆਂ ਦੀ ਜਾਣ ਪਛਾਣ ਸਭ ਤੋ ਪਹਿਲਾਂ ਲੋਰੀ ਦੇ ਰੂਪ ਵਿਚ ਹੁੰਦੀ ਹੈ, ਜਿਹੜੀ ਲੋਕ ਗੀਤਾਂ ਦੇ ਰੂਪ ਵਿਚ ਜਵਾਨ ਹੁੰਦੀ ਅਤੇ ਬੁਢਾਪੇ ਵਿਚ ਪਾਠ ਦੇ ਰੂਪ ਵਿਚ ਅਖ਼ੀਰ ਦਮ ਤਕ ਨਾਲ ਨਿਭਦੀ ਹੈ। ਹਥਲੀ ਪੁਸਤਕ ਇਕ ਚੰਗਾ ਕਾਵਿ ਸੰਗ੍ਰਹਿ ਹੈ ਜਿਸ ਵਿਚ ਬਾਲ ਪਾਠਕਾਂ ਦੇ ਮੰਨੋਰੰਜਨ, ਸਦਾਚਾਰ ਸਿੱਖਿਆ, ਧਰਮ, ਗਿਆਨ ਵਰਗੀ ਭੁੱਖ ਨੂੰ ਤ੍ਰਿਪਤ ਕਰਨ ਦਾ ਹਰ ਰੰਗ ਮੌਜੂਦ ਹੈ। ਨਿੱਕੀਆਂ ਨਿੱਕੀਆਂ ਗੱਲਾਂ ਨੂੰ ਬਹੁਤ ਸੁੰਦਰ ਕਾਵਿ-ਛੋਹਾਂ ਨਾਲ ਪੇਸ਼ ਕੀਤਾ ਗਿਆ ਹੈ।

ਬਾਲਸ਼ਸਾਹਿਤ ਦੀ ਸਕੀਮ ਅਧੀਨ ਇਹ ਪੁਸਤਕ ਸਾਡੇ ਕੱਲ੍ਹ ਦੇ ਵਾਰਸਾਂ ਨੂੰ ਭੇਟ ਕਰਦਿਆਂ ਮੈਨੂੰ ਅਤਿਅੰਤ ਖੁਸ਼ੀ ਹੋ ਰਹੀ ਹੈ। ਜੇਕਰ ਸਾਡੇ ਹੋਣਹਾਰ ਇਸ ਪੁਸਤਕ ਤੋ ਕੋਈ ਪ੍ਰੇਰਨਾ ਲੈ ਸਕਣ ਤਾਂ ਮੈ ਸਮਝਾਂਗਾ ਕਿ ਸਾਡੀ ਘਾਲ ਸਫਲ ਹੋਈ।

**ਡਾ: ਮਦਨ ਲਾਲ ਹਸੀਜ਼ਾ**

ਡਾਇਰੈਕਟਰ,

ਭਾਸ਼ਾ ਵਿਭਾਗ, ਪੰਜਾਬ

# ਤਤਕਰਾ


| ਕ੍ਰਮ ਅੰਕ | ਕੀ | ਕਿਥੇ |
|---|---|---|
| 1. | ਮੇਰਾ ਦੀਵਾ | 1 |
| 2. | ਭਾਰਤ ਮਾਂ | 3 |
| 3. | ਜਾਗੋ ਬੱਚਿਓ | 5 |
| 4. | ਘੁਗੀਏ ਨੀ ਲਕ ਟੁਣੂੰ ਟੁਣੂੰ | 7 |
| 5. | ਸਤਲੁਜ | 9 |
| 6. | ਵਾ ਵਰੋਲਾ | 11 |
| 7. | ਰੰਗ ਬਰੰਗੀ ਹੋਲੀ ਆਈ | 12 |
| 8. | ਬਾਲ ਟੋਲੀ ਦਾ ਗੀਤ | 14 |
| 9. | ਸਿਆਣਾ ਕਾਂ | 15 |
| 10. | ਤਲਵੰਡੀ ਦੀ ਪਗਡੰਡੀ ਤੋ | 16 |
| 11. | ਭੰਡਾ ਭੰਡਾਰ੍ਹੀਆ | 18 |
| 12. | ਥਾਲ ਦਾ ਗੀਤ | 20 |
| 13. | ਆਈ ਵਿਸਾਖੀ ਕਣਕਾਂ ਪੱਕੀਆਂ | 21 |
| 14. | ਸਾਡਾ ਟਰੈਕਟਰ | 23 |
| 15. | ਰਲ ਮਿਲ ਦੇਸ਼ ਉਸਾਰੀਏ | 24 |
| 16. | ਵੰਡੀਏ ਫੁੱਲ ਸੁਗੰਧੀ | 25 |
| 17. | ਚਾਨਣ ਦਾ ਗੀਤ | 27 |
| 18. | ਬਸੰਤ ਰੁਤ | 28 |
| 19. | ਬੋਲੀਆਂ | 29 |
| 20. | ਕਿੱਕਲੀ ਦਾ ਗੀਤ | 30 |
| 21. | ਸਾਡੀ ਬੰਬੀ | 31 |
| 22. | ਕਿਰਨਾਂ ਦਾ ਸੁਨੇਹਾ | 32 |
| 23. | ਸ਼ਹੀਦ ਭਗਤ ਸਿੰਘ | 33 |
| 24. | ਬੁੱਢਾ ਮੋਚੀ | 34 |
| 25. | ਤਾਰੇ | 36 |
| 26. | ਛਮ ਛਮ ਕਰਕੇ ਵਰਖਾ ਆਈ | 37 |
| 27. | ਸਾਡੀ ਬਿੱਲੀ | 38 |

# ਮੇਰਾ ਦੀਵਾ

ਮਾਂ ਮੇਰਾ ਤੂੰ ਦੀਵਾ ਬਾਲ,
ਚਾਨਣ ਜਿਸਦਾ ਹੋਏ ਕਮਾਲ ।

ਆ ਪੁੱਤਰ ਮੈਂ ਦੀਵਾ ਬਾਲਾਂ,
ਤੇਰੀ ਸੁੱਖ ਸਦਾ ਮੈਂ ਭਾਲਾਂ ।
ਜੀਵਨ ਤੇਰਾ ਸੱਚਾ ਸੁੱਚਾ
ਦੇਸ਼ ਦੀ ਖਾਤਰ ਬਣੇ ਮਸਾਲ ।

ਮਾਂ ਮੇਰਾ ਤੂੰ ਦੀਵਾ ਬਾਲ,
ਚਾਨਣ ਜਿਸਦਾ ਹੋਏ ਕਮਾਲ ।

ਇਕ ਦੀਵਾ ਤੇਰੀ ਤਲੀ ਟਿਕਾਵਾਂ,
ਤੇਲ ਗੁਣਾਂ ਦਾ ਇਸ ਵਿਚ ਪਾਵਾਂ ।
ਚਾਨਣ ਜਿਸਦਾ ਖਿੰਡੇ ਚੁਫੇਰੇ,
ਲੋਕੀ ਸਾਰੇ ਹੋਣ ਖੁਸ਼ਹਾਲ ।

ਮਾਂ ਮੇਰਾ ਤੂੰ ਦੀਵਾ ਬਾਲ,
ਚਾਨਣ ਜਿਸਦਾ ਹੋਏ ਕਮਾਲ ।

ਇਕ ਦੀਵਾ ਤੇਰੇ ਸੀਸ ਸਜਾਵਾਂ,
ਗਿਆਨ ਦੀ ਬੱਤੀ ਵੱਟਕੇ ਪਾਵਾਂ ।
ਪੜ੍ਹ ਲਿਖਕੇ ਤੂੰ ਬਣੇ ਮਹਾਨ
ਮਿਹਨਤ ਹੁੰਦੀ ਚੰਗੀ ਘਾਲ ।

ਮਾਂ ਮੇਰਾ ਤੂੰ ਦੀਵਾ ਬਾਲ,
ਚਾਨਣ ਜਿਸਦਾ ਹੋਏ ਕਮਾਲ।
ਤੇਰਾ ਦੀਵਾ ਜਗਦਾ ਜਾਵੇ,
ਇਕ ਜੋਤ ਦਾ ਸਬਕ ਸਿਖਾਵੇ।
ਦੇਸ਼ ਦੀ ਦੌਲਤ ਬੱਚੇ ਹੁੰਦੇ
ਮੋਤੀ, ਜਵਾਹਰ, ਹੀਰਾ, ਲਾਲ।
ਮਾਂ ਮੇਰਾ ਤੂੰ ਦੀਵਾ ਬਾਲ,
ਚਾਨਣ ਜਿਸਦਾ ਹੋਏ ਕਮਾਲ।
ਇਕ ਦੀਵਾ ਤੇਰੇ ਦਿਲ 'ਚੋਂ ਜਾਗੇ,
ਮਾਵਾਂ ਦੇ ਪੁੱਤ ਹੋਣ ਸੁਭਾਗੇ।
ਦੇਸ਼ ਅਸਾਡਾ ਕਰੇ ਤਰੱਕੀ,
ਗਾਓ ਗੀਤ ਖੁਸ਼ੀ ਦੇ ਨਾਲ।
ਮਾਂ ਮੇਰਾ ਤੂੰ ਦੀਵਾ ਬਾਲ,
ਚਾਨਣ ਜਿਸਦਾ ਹੋਏ ਕਮਾਲ।

# ਭਾਰਤ ਮਾਂ

ਹੇ ਭਾਰਤ, ਹੇ ਪਿਆਰੀ ਮਾਂ,
ਮੈਂ ਇਕ ਚੰਗਾ ਬਾਲ ਬਣਾਂ ।
ਤੇਰੀਆਂ ਥਾਵਾਂ ਸੁੰਦਰ ਬੇਲੇ,
ਪਿੰਡੀਂ ਸ਼ਹਿਰੀਂ ਲੱਗਣ ਮੇਲੇ,
ਤੇਰੇ ਯੋਧੇ ਪੁੱਤ ਅਲਬੇਲੇ,
ਰਤਾ ਨਾ ਡੋਲਣ ਔਕੜ ਵੇਲੇ ।
ਤੇਰੇ ਗੁਣ ਮੈਂ ਕਿੰਜ ਕਹਾਂ
ਹੇ ਭਾਰਤ, ਹੇ ਪਿਆਰੀ ਮਾਂ,
ਮੈਂ ਇਕ ਚੰਗਾ ਬਾਲ ਬਣਾਂ ।
ਤੇਰੇ ਉੱਤਰ ਵਿਚ ਹਿਮਾਲਾ,
ਚਿਰਾਂ ਤੋਂ ਤੇਰਾ ਹੈ ਰਖਵਾਲਾ ।
ਤੇਰੀ ਗੰਗਾ ਦਏ ਉਛਾਲਾ,
ਖੇਤਾਂ ਨੂੰ ਕਰਦੀ ਹਰਿਆਲਾ ।
ਮਾਂ ਤਾਂ ਹੁੰਦੀ ਠੰਡੀ ਛਾਂ
ਹੇ ਭਾਰਤ, ਹੇ ਪਿਆਰੀ ਮਾਂ,
ਮੈਂ ਇਕ ਚੰਗਾ ਬਾਲ ਬਣਾਂ ।
ਮਿੱਟੀ ਤੇਰੀ ਉਗਲੇ ਸੋਨਾ,
ਕਿਧਰੇ ਕਣਕਾਂ ਕਿਧਰੇ ਝੋਨਾ ।
ਖਿੜਨ ਕਪਾਹਾਂ, ਝੂਮੇ ਪੋਨਾ,

ਤੇਰਾ ਪਿਆਰਾ ਕੋਨਾਂ ਕੋਨਾਂ।
ਤੇਰੇ ਤੋਂ ਮੈਂ ਸਦਕੇ ਜਾਂ
ਹੇ ਭਾਰਤ, ਹੇ ਪਿਆਰੀ ਮਾਂ,
ਮੈਂ ਇਕ ਚੰਗਾ ਬਾਲ ਬਣਾਂ।

ਹਿੰਦੂ, ਮੁਸਲਿਮ, ਸਿੱਖ, ਈਸਾਈ,
ਰਲ ਮਿਲ ਵੱਸਣ ਭਾਈ ਭਾਈ।
ਪੱਲੇ ਜਿਸਦੇ ਹੋਏ ਸਚਾਈ,
ਉਸ ਦੀ ਹੁੰਦੀ ਨੇਕ ਕਮਾਈ।
ਤੈਥੋਂ ਜਿੰਦੜੀ ਵਾਰ ਦਿਆਂ
ਹੇ ਭਾਰਤ, ਹੇ ਪਿਆਰੀ ਮਾਂ,
ਮੈਂ ਇਕ ਚੰਗਾ ਬਾਲ ਬਣਾਂ।

# ਜਾਗੋ ਬੱਚਿਓ

ਜਾਗੋ ਦੇਸ਼ ਦੇ ਪਿਆਰੇ ਬੱਚਿਓ
ਚੜ੍ਹਿਆ ਨਵਾਂ ਸਵੇਰਾ।
ਸੰਦਲੀ ਧੁੱਪ ਚੜ੍ਹੀ ਹੈ ਹੱਸਦੀ
ਭੱਜਿਆ ਦੂਰ ਹਨੇਰਾ।

ਪੰਛੀ ਜਾਗੇ ਭਰਨ ਉਡਾਰੀ
ਫੁੱਲ ਪੱਤੀਆਂ ਮੁਸਕਾਵਣ,
ਪੌਣ ਰੁਮਕਦੀ ਮਹਿਕਾਂ ਵੰਡਦੀ
ਚੱਲੀ ਖੇਤ ਜਗਾਵਣ।


ਤੁਸੀਂ ਵੀ ਬੱਚਿਓ ਕਰੋ ਤਿਆਰੀ
ਪੜ੍ਹਨ ਸਕੂਲੇ ਜਾਓ।
ਨਹਾਕੇ ਸੁਥਰੇ ਕੱਪੜੇ ਪਾਓ,
ਪੈਰੀਂ ਬੂਟ ਸਜਾਓ।

ਲੈ ਕਿਤਾਬਾਂ ਫੱਟੀ ਬਸਤਾ
ਨਾਲ ਸਾਥੀਆਂ ਜਾਣਾ।
ਜਾ ਸਤਿਕਾਰ ਗੁਰਾਂ ਦਾ ਕਰਨਾ
ਗੀਤ ਵਤਨ ਦੇ ਗਾਣਾ।

ਵਿੱਦਿਆ ਹੈ ਜੀਵਨ ਦਾ ਗਹਿਣਾ
ਮਿਹਨਤ ਕਰਕੇ ਪਾਓ।
ਫੁੱਲਾਂ ਵਾਂਗੂੰ ਖੁਸ਼ਬੋ ਵੰਡੋ
ਚੰਗੇ ਗੁਣ ਅਪਣਾਓ।

ਸੁੰਦਰ ਕਰੋ ਲਿਖਾਈ ਆਪਣੀ
ਮੋਤੀਆਂ ਵਰਗੀ ਸੁਹਣੀ ।
ਚੰਗੀ ਸਿਹਤ ਖੇਡਿਆਂ ਬਣਦੀ
ਲਗਦੀ ਹੈ ਮਨ-ਮੋਹਣੀ ।

ਦੇਸ਼ ਕੌਮ ਦੀ ਸੇਵਾ ਕਰਨੀ
ਬਣ ਵਿਦਵਾਨ ਤੇ ਸੂਰੇ ।
ਭਾਰਤ ਸਾਡਾ ਜੁਗ ਜੁਗ ਜੀਵੇ
ਸੁਪਨੇ ਹੋਵਣ ਪੂਰੇ ॥



# ਘੁੱਗੀਏ ਨੀ, ਲੱਕ ਟੂਣੂੰ ਟੂਣੂੰ

ਘੁੱਗੀਏ ਨੀ, ਲੱਕ ਟੂਣੂੰ ਟੂਣੂੰ,
ਗੀਤ ਅਮਨ ਦੇ ਗਾਏਂ ਤੂੰ ।

ਸੁਖੀ ਵੱਸੇ ਮਾਂ ਧਰਤ ਪਿਆਰੀ,
ਜੁਗ ਜੁਗ ਜੀਵੇ ਦੁਨੀਆ ਸਾਰੀ ।
ਪੌਣਾਂ ਦੇ ਵਿਚ ਦੇਣ ਸੁਨੇਹਾ,
ਪੰਛੀ ਉਡਦੇ ਚੂੰ ਚੂੰ ਚੂੰ ।

ਘੁੱਗੀਏ ਨੀ, ਲੱਕ ਟੂਣੂੰ ਟੂਣੂੰ,
ਗੀਤ ਅਮਨ ਦੇ ਗਾਏਂ ਤੂੰ ।

ਵੱਸੇ ਨਗਰੀ ਲੋਕਾਂ ਵਾਲੀ,
ਵੱਸਣ ਕਿਰਤੀ, ਕਾਮੇ, ਹਾਲੀ ।
ਸਿਖ਼ਰ ਦੁਪਹਿਰੇ ਕਿੱਕਰ ਉੱਤੇ
ਤੂੰ ਵੀ ਬੋਲੇਂ ਘੂੰ ਗੂੰ ਘੂੰ ।

ਘੁੱਗੀਏ ਨੀ, ਲੱਕ ਟੂਣੂੰ ਟੂਣੂੰ,
ਗੀਤ ਅਮਨ ਦੇ ਗਾਏਂ ਤੂੰ ।

ਆਓ ਧਰਤੀ ਸੁਰਗ ਬਣਾਈਏ,
ਜੰਗ ਲੜਾਈ ਜੜ੍ਹੋਂ ਭਜਾਈਏ ।
ਹਰੇ ਮੈਦਾਨੀਂ ਫਸਲਾਂ ਝੂਮਣ,
ਪਾਣੀ ਵੱਗਣ ਸ਼ੂੰ ਸ਼ੂੰ ਸ਼ੂੰ ।

ਘੁੱਗੀਏ ਨੀ, ਲੱਕ ਟੁਣੂੰ ਟੁਣੂੰ,
ਗੀਤ ਅਮਨ ਦੇ ਗਾਏਂ ਤੂੰ ।
ਕੋਈ ਕਿਧਰੇ ਬੰਬ ਨਾ ਸੁੱਟੇ,
ਨਾ ਕੋਈ ਦੇਸ਼ ਕਿਸੇ ਦਾ ਲੁੱਟੇ ।
ਫੁੱਲਾਂ ਵਾਂਗੂੰ ਬੱਚੇ ਹੱਸਣ,
ਚਰਖਾ ਗਾਵੇ ਘੂੰ ਘੂੰ ਘੂੰ ।
ਘੁੱਗੀਏ ਨੀ, ਲੱਕ ਟੁਣੂੰ ਟੁਣੂੰ,
ਗੀਤ ਅਮਨ ਦੇ ਗਾਏਂ ਤੂੰ ।

# ਸਤਲੁਜ

ਵਾਹਵਾ ਸਤਲੁਜ ਪਿਆਰਾ ਵੱਗੇ,
ਇਸਦਾ ਪਾਣੀ ਗਾਉਂਦਾ ਲੱਗੇ ।

ਮਾਨ ਸਰੋਵਰ ਝੀਲ ਤੋਂ ਆਵੇ,
ਲੰਘ ਪਹਾੜ, ਮੈਦਾਨ ਜਗਾਵੇ ।
ਇਸਦੇ ਕੰਢੇ ਰੁੱਖ ਖੜ੍ਹੋਤੇ,
ਸੁੰਦਰ ਲੱਗਣ ਸੱਜੇ ਖੱਬੇ ।

ਵਾਹਵਾ ਸਤਲੁਜ ਪਿਆਰਾ ਵੱਗੇ,
ਇਸਦਾ ਪਾਣੀ ਗਾਉਂਦਾ ਲੱਗੇ ।

ਬਰਫ਼ਾਂ ਘੁਲਿਆ ਇਸ ਦਾ ਪਾਣੀ,
ਇਸ ਦੀ ਲੰਮੀ ਬੜੀ ਕਹਾਣੀ ।
ਜਿਹਲਮ, ਰਾਵੀ, ਬਿਆਸ, ਝਨਾਂ,
ਇਸ ਵਿਚ ਮਿਲਦੇ ਆ ਕੇ ਸਭੇ ।

ਵਾਹਵਾ ਸਤਲੁਜ ਪਿਆਰਾ ਵੱਗੇ,
ਇਸ ਦਾ ਪਾਣੀ ਗਾਉਂਦਾ ਲੱਗੇ ।

ਇਸਦੇ ਕੰਢਿਆਂ ਲੋਕ ਵਸਾਏ,
ਰਿਸ਼ੀਆਂ, ਮੁਨੀਆਂ ਵੇਦ ਰਚਾਏ ।
ਇਸ ਦੇ ਅਣਖੀ ਪੁੱਤਰਾਂ ਕੋਲੋਂ,
ਹਾਰ ਲੜਾਈਆਂ ਵੈਰੀ ਭੱਜੇ ।

ਵਾਹਵਾ ਸਤਲੁਜ ਪਿਆਰਾ ਵੱਗੇ,
ਇਸ ਦਾ ਪਾਣੀ ਗਾਂਉਂਦਾ ਲੱਗੇ ।

ਇਸ ਤੇ ਭਾਖੜਾ ਬੰਨ੍ਹ ਲਗਾਇਆ,
ਬਿਜਲੀ ਨੇ ਘਰ ਘਰ ਰੁਸ਼ਨਾਇਆ ।
ਇਸਦਾ ਨਹਿਰੀ ਪਾਣੀ ਪੀ ਕੇ,
ਭੁੱਖੇ ਖੇਤ ਅਸਾਡੇ ਰੱਜੇ ।

ਵਾਹਵਾ ਸਤਲੁਜ ਪਿਆਰਾ ਵੱਗੇ,
ਇਸ ਦਾ ਪਾਣੀ ਗਾਉਂਦਾ ਲੱਗੇ ।

ਇਸ ਦੀਆਂ ਲਹਿਰਾਂ ਭਰਨ ਕਲਾਵੇ,
ਇਸਦਾ ਪਾਣੀ ਭੰਗੜਾ ਪਾਵੇ ।
ਇਸਦੀ ਮਿੱਟੀ ਦੇ ਨਾਲ ਬਣਿਆ,
ਦੇਸ਼ ਪੰਜਾਬ ਅਸਾਡਾ ਫੱਬੇ ।

ਵਾਹਵਾ ਸਤਲੁਜ ਪਿਆਰਾ ਵੱਗੇ,
ਇਸਦਾ ਪਾਣੀ ਗਾਉਂਦਾ ਲੱਗੇ ।

## ਵਾ ਵਰੋਲਾ

ਸਿਖਰ ਦੁਪਹਿਰੇ ਕਰੜੀ ਧੁੱਪੇ
ਵਾ ਵਰੋਲਾ ਨੱਚੇ ਉੱਠੇ ।
ਮਿੱਟੀ ਘੱਟਾ ਪੱਤੇ ਤੀਲੇ
ਨਾਲ ਵਰੋਲੇ ਚੜ੍ਹਗੇ ਉੱਚੇ ।
ਸ਼ੋਰ ਮਚਾਵੇ ਘੁਮਣ ਘੇਰੀ
ਕੁੱਛੜ ਚੜ ਅਸਮਾਨਾਂ ਉੱਤੇ ।
ਆਖਰ ਕਿਣਕੇ ਤੀਲੇ ਪੱਤੇ
ਧਰਤੀ ਤੇ ਡਿੱਗਣ ਹੋ ਪੁੱਠੇ ।
ਪਰ ਪੰਛੀ ਦੀ ਖੰਭ ਉਡਾਰੀ
ਅੰਬਰ ਢੂੰਡੇ ਉੱਚੇ ਉੱਚੇ ।
ਵਾ ਵਰੋਲਾ ਧੋਖਾ ਸਾਰਾ
ਸੱਚੀ ਹਿੰਮਤ ਕਦੇ ਨਾ ਰੁੱਠੇ ॥

# ਰੰਗ ਬਰੰਗੀ ਹੋਲੀ ਆਈ


ਰੰਗ ਬਰੰਗੀ ਹੋਲੀ ਆਈ,
ਔਹ ਬਾਲਾਂ ਦੀ ਟੋਲੀ ਆਈ।
ਮੁੰਡੇ ਕੁੜੀਆਂ ਰੌਲਾ ਪਾਇਆ,
ਵਾਹਵਾ ਦਿਨ ਹੋਲੀ ਦਾ ਆਇਆ।
ਰੰਗਾਂ ਦੀ ਇਹ ਖੇਡ ਨਿਆਰੀ,
ਸਾਨੂੰ ਲਗਦੀ ਬੜੀ ਪਿਆਰੀ।

ਰੰਗ ਗੁਲਾਲ ਮੂੰਹਾਂ ਤੇ ਮਲ ਕੇ,
ਹੋਲੀ ਖੇਡਾਂਗੇ ਸਭ ਰਲਕੇ।
ਕਿਸੇ ਦੀ ਮੁੱਠੀ ਹਰਾ, ਪਿਆਜ਼ੀ,
ਕਿਸੇ ਲਿਆਂਦਾ ਲਾਲ ਗੁਲਾਬੀ।
ਪੀਲਾ ਰੰਗ ਘੋਲਿਆ 'ਧਰਮੂ'
ਰੰਗ ਫਿਰੋਜ਼ੀ ਡੋਲ੍ਹਿਆ 'ਕਰਮੂ'।
ਕੋਈ ਸ਼ੀਸ਼ੀ ਭਰਕੇ ਲਿਆਇਆ,
ਕਿਸੇ ਨੇ ਡੱਬੇ ਵਿਚੋਂ ਹੀ ਪਾਇਆ।

ਕੁੜੀਆਂ ਭੱਜ ਕੇ ਕੋਠੇ ਚੜ੍ਹੀਆਂ,
ਹੱਥ ਉਹਨਾਂ ਪਿਚਕਾਰੀਆਂ ਫੜੀਆਂ।
'ਰਾਣੋ' ਭਰ ਪਿਚਕਾਰੀ ਮਾਰੀ

'ਪ੍ਰੀਤ' ਦੀ ਚੁੰਨੀ ਰੰਗਤੀ ਸਾਰੀ।
ਦੌੜ ਦੌੜ ਰੰਗ ਡੋਲ੍ਹੀ ਜਾਵਣ,
ਗਲੀਆਂ ਦੇ ਵਿਚ ਸ਼ੋਰ ਮਚਾਵਣ।

ਸਭ ਦੇ ਕੱਪੜੇ ਗਚ - ਮਚ ਹੋਏ,
ਖੁਸ਼ੀ 'ਚ ਆਖਣ ਹੋਏ ਹੋਏ।
ਚਿਹਰੇ ਹੋ ਗਏ ਰੰਗ - ਬਰੰਗੇ,
ਬਾਲ ਖੇਡਦੇ ਲੱਗਣ ਚੰਗੇ।
ਰੰਗ ਬਰੰਗੀ ਹੋਲੀ ਆਈ,
ਔਹ ਬਾਲਾਂ ਦੀ ਟੋਲੀ ਆਈ।



# ਬਾਲ ਟੋਲੀ ਦਾ ਗੀਤ

ਕੋਠੇ ਕੋਠੇ ਚਾਨਣਾ
ਗਲੀ ਗਲੀ ਚਾਨਣਾ,
ਅਸਾਂ ਹੈ ਖਿੰਡਾਵਣਾ
ਵਿੱਦਿਆ ਦਾ ਚਾਨਣਾ ।

ਕੋਠੇ ਕੋਠੇ ਧੁੱਪੜੀ
ਵਿਹੜੇ ਵਿਹੜੇ ਧੁੱਪੜੀ,
ਝੰਡਾ ਉੱਚਾ ਲਾਵਣਾ
ਕੌਮੀ ਗੀਤ ਗਾਵਣਾ ।

ਕੋਠੇ ਕੋਠੇ ਸੂਰਜਾ
ਖੇਤੋਂ ਖੇਤ ਸੂਰਜਾ,
ਸਕੂਲੇ ਅਸੀਂ ਜਾਵਣਾ
ਵਿੱਦਿਆ ਨੂੰ ਪਾਵਣਾ ।

ਕੋਠੇ ਕੋਠੇ ਚਾਨਣੀ
ਘਰੋ ਘਰ ਚਾਨਣੀ,
ਹਨੇਰਾ ਭੱਜ ਜਾਵਣਾ
ਦਿਨ ਚੜ੍ਹ ਆਵਣਾ ।

ਅਸਾਂ ਹੈ ਖਿੰਡਾਵਣਾ
ਵਿੱਦਿਆ ਦਾ ਚਾਨਣਾ ॥

# ਸਿਆਣਾ ਕਾਂ

ਇਕ ਸੀ ਬੜਾ ਸਿਆਣਾ ਕਾਂ,
ਆਲਸ ਦਾ ਨਾ ਜਾਣੇ ਨਾਂ।
ਤ੍ਰੇਹ ਨੇ ਉਸਨੂੰ ਬੜਾ ਸਤਾਇਆ,
ਉੱਡਕੇ ਇਕ ਬਾਗ਼ ਵਿਚ ਆਇਆ।
ਤੱਕ ਘੜਾ ਉਸ ਖ਼ੁਸ਼ੀ ਮਨਾਈ,
ਪਾਣੀ ਪੀਣ ਦੀ ਆਸ ਲਗਾਈ।
ਐਪਰ ਪਾਣੀ ਬਹੁਤ ਸੀ ਥੱਲੇ,
ਚੁੰਝ ਡਬੋਏ, ਕੁਝ ਪਏ ਨਾ ਪੱਲੇ।
ਆਖਰ ਉਸਨੇ ਅਕਲ ਦੁੜਾਈ,
ਪਾਣੀ ਪੀਣ ਦੀ ਜੁਗਤ ਬਣਾਈ।
ਇਕ ਇਕ ਗੀਟੀ ਚੁੱਕਣ ਲੱਗਾ,
ਉਸ ਘੜੇ ਵਿਚ ਸੁੱਟਣ ਲੱਗਾ।
ਜਦ ਪਾਣੀ ਉੱਪਰ ਚੜ੍ਹ ਆਇਆ,
ਕਾਂ ਨੇ ਡਾਢਾ ਸ਼ੁਕਰ ਮਨਾਇਆ।
ਪਾਣੀ ਪੀ ਉਸ ਤ੍ਰੇਹ ਬੁਝਾਈ,
ਗਈ ਥਕਾਵਟ ਤਾਕਤ ਆਈ।
ਮਾਰ ਉਡਾਰੀ ਉਡਿਆ ਜਾਵੇ,
ਕਾਂ - ਕਾਂ ਕਰਕੇ ਖੁਸ਼ੀ ਮਨਾਵੇ।
ਇਕ ਸੀ ਬੜਾ ਸਿਆਣਾ ਕਾਂ,
ਆਲਸ ਦਾ ਨਾ ਜਾਣੇ ਨਾਂ।


# ਤਲਵੰਡੀ ਦੀ ਪਗਡੰਡੀ ਤੇ

ਤਲਵੰਡੀ ਦੀ ਪਗਡੰਡੀ ਤੇ
ਬਾਬਾ ਨਾਨਕ, ਸਭ ਦਾ ਸਾਂਝਾ
ਲੈ ਦੀਵਾ ਇਕ ਚਾਨਣ ਆਇਆ ।

ਦੇਸ਼ ਮੇਰੇ ਦੀ ਮਿੱਟੀ ਬੋਲੀ,
ਪੌਣਾਂ ਅੰਦਰ ਖੁਸ਼ਬੋ ਘੋਲੀ ।
ਹਰ ਬੰਦੇ ਦੀ ਸੁੱਤੀ ਰੂਹ ਨੂੰ,
ਨਕਸ਼ ਨਵੇਂ ਕੋਈ ਲਾਵਣ ਆਇਆ ।
ਤਲਵੰਡੀ ਦੀ ਪਗਡੰਡੀ ਤੇ
ਲੈ ਦੀਵਾ ਇਕ ਚਾਨਣ ਆਇਆ ।

ਸ਼ਬਦ ਤੇਰੇ ਨੇ ਮੂਲ ਸਚਾਈ,
ਧਰਮ ਤੇਰਾ ਇਕ ਤੰਦ ਲੋਕਾਈ ।
ਸੱਚ ਦਾ ਰਥ ਚਲਾਵਣ ਖਾਤਰ,
ਬਣਕੇ ਇਕ ਰਥਵਾਨ ਹੈ ਆਇਆ ।
ਤਲਵੰਡੀ ਦੀ ਪਗਡੰਡੀ ਤੇ,
ਲੈ ਦੀਵਾ ਇਕ ਚਾਨਣ ਆਇਆ ।

ਸੱਚ ਦਾ ਮਾਰਗ ਮਨ ਨੂੰ ਦਿੱਤਾ,
ਕਿਰਤ ਭਰੋਸਾ ਤਨ ਨੂੰ ਦਿੱਤਾ ।
ਅਰਬ ਈਰਾਨਾਂ ਦੀ ਕਰ ਫੇਰੀ



ਭੈਣ ਦੇ ਵਿਹੜੇ ਵੀਰਾ ਆਇਆ।
ਤਲਵੰਡੀ ਦੀ ਪਗਡੰਡੀ ਤੇ
ਲੈ ਦੀਵਾ ਇਕ ਚਾਨਣ ਆਇਆ।

ਸਵੈ ਰੂਪ ਦੀ ਲੜੀ ਚਲਾਈ.
ਹਰ ਜਾਮੇ ਤੂੰ ਹਿੰਦ ਬਚਾਈ.
ਮਾਨ ਸਰੋਵਰ ਫੁੱਲਾਂ ਭਰਿਆ
ਵਣ ਤ੍ਰਿਣ ਦਾ ਬਲਿਹਾਰੀ ਆਇਆ।
ਤਲਵੰਡੀ ਦੀ ਪਗਡੰਡੀ ਤੇ
ਲੈ ਦੀਵਾ ਇਕ ਚਾਨਣ ਆਇਆ।

# ਭੰਡਾ ਭੰਡਾਰੀਆ

(ਬਾਲ - ਖੇਡ 'ਤੇ ਆਧਾਰਤ)

ਭੰਡਾ ਭੰਡਾਰੀਆ
ਧਰਤੀ ਮਾਤਾ ਕਿੰਨਾ ਕੁ ਭਾਰ ?

ਇਕ ਹਿੱਸਾ ਧਰਤੀ ਮੈਂ ਰਾਣੀ
ਤਿੰਨ ਹਿੱਸੇ ਪਾਣੀ ਹੀ ਪਾਣੀ
ਇਸਦਾ ਮੈਨੂੰ ਲੱਗੇ ਨਾ ਭਾਰ ।

ਭੰਡਾ ਭੰਡਾਰੀਆ
ਧਰਤੀ ਮਾਤਾ ਕਿੰਨਾ ਕੁ ਭਾਰ ?

ਸੰਘਣੇ ਜੰਗਲ ਹਰੇ ਕਚੂਚ
ਉੱਚੇ ਪਰਬਤ ਭਾਰੇ ਦੂਰ
ਇਹਨਾਂ ਦਾ ਮੈਨੂੰ ਲੱਗੇ ਨਾ ਭਾਰ ।

ਭੰਡਾ ਭੰਡਾਰੀਆ
ਧਰਤੀ ਮਾਤਾ ਕਿੰਨਾ ਕੁ ਭਾਰ ।

ਪੰਛੀ, ਜੀਵ, ਜਾਨਵਰ ਪਿਆਰੇ
ਫੁੱਲ, ਬੂਟੇ ਖਿੜਦੇ ਨਿੱਤ ਸਾਰੇ
ਇਹਨਾਂ ਦਾ ਮੈਨੂੰ ਲੱਗੇ ਨਾ ਭਾਰ।

ਭੰਡਾ ਭੰਡਾਰੀਆ
ਧਰਤੀ ਮਾਤਾ ਕਿੰਨਾ ਕੁ ਭਾਰ ?

ਨਿੱਤ ਵੱਸੋਂ ਹੈ ਵਧਦੀ ਜਾਂਦੀ
ਇਸਦੀ ਮੈਨੂੰ ਚਿੰਤਾ ਖਾਂਦੀ
ਇਸਦਾ ਮੈਨੂੰ ਲਗਦਾ ਭਾਰ।

ਭੰਡਾ ਭੰਡਾਰੀਆ
ਧਰਤੀ ਮਾਤਾ ਕਿੰਨਾ ਕੁ ਭਾਰ ?

ਚੰਗਾ ਜੀਵਨ ਸਦਾ ਬਹਾਰ
ਸੁਖੀ ਵੱਸੇ ਛੋਟਾ ਪਰਿਵਾਰ
ਫੇਰ ਨਾ ਮੈਨੂੰ ਲੱਗੇ ਭਾਰ।

ਭੰਡਾ ਭੰਡਾਰੀਆ
ਧਰਤੀ ਮਾਤਾ ਕਿੰਨਾ ਕੁ ਭਾਰ ?

# ਥਾਲ ਦਾ ਗੀਤ

(ਕੁੜੀਆਂ ਲਈ)

ਪਹਿਲਾ ਥਾਲ
ਭਾਰਤ ਹੋਵੇ ਮਾਲਾ ਮਾਲ ।
ਖੇਡਣ ਸਾਰੇ ਰਲਕੇ ਬਾਲ ।
ਭੰਗੜਾ ਗਿੱਧਾ ਦੇਵੇ ਤਾਲ ।
ਵਿੱਦਿਆ ਦਾ ਤੂੰ ਦੀਵਾ ਬਾਲ ।
ਕੋਈ ਮੋਤੀ ਕੋਈ ਲਾਲ ।
ਛੋਟੀ ਟੱਬਰੀ ਚੰਗਾ ਹਾਲ ।
ਵਧਦੀ ਵੱਸੋਂ ਕਰੇ ਬੇਹਾਲ ।
ਛੇਤੀ ਇਸਦੀ ਕਰੋ ਸੰਭਾਲ ।
ਉੱਨਤੀ ਦੇ ਤੂੰ ਸਾਧਨ ਭਾਲ ।
ਮਿਹਨਤ ਕਰਕੇ ਬਣ ਖੁਸ਼ਹਾਲ ।
ਬੀਤਣ ਚੰਗੇ ਦਿਨ ਤੇ ਸਾਲ ।
ਚੰਗਾ ਜੀਵਨ ਬਣੇ ਮਸਾਲ ।
ਜੁਗ ਜੁਗ ਜੀਵਣ ਸਾਰੇ ਬਾਲ ।
ਆਲ ਮਾਲ ਪੂਰਾ ਹੋਇਆ ਪਹਿਲਾ ਥਾਲ ॥

# ਆਈ ਵਿਸਾਖੀ ਕਣਕਾਂ ਪੱਕੀਆਂ

(ਗਿੱਧੇ ਲਈ)

ਆਈ ਵਿਸਾਖੀ ਕਣਕਾਂ ਪੱਕੀਆਂ
ਬੱਲੀਆਂ ਦੇ ਵਿਚ ਦਾਣੇ ।
ਮਿਹਨਤ ਦਾ ਫਲ ਮਿੱਠਾ ਹੁੰਦਾ
ਆਖਣ ਲੋਕ ਸਿਆਣੇ ।
ਭੰਗੜਾ ਪਾ ਮੁੰਡਿਆ,
ਸਾਡੀ ਜਿੰਦ ਵਿਸਾਖੀ ਮਾਣੇ ।
ਸਾਡੇ ਖੇਤੀਂ ਕਣਕਾਂ ਪੱਕੀਆਂ
ਸੋਨੇ ਰੰਗੀਆਂ ਬੱਲੀਆਂ ।
ਝੂਮ ਝੂਮ ਕੇ ਪੌਣਾਂ ਲੰਘਣ
ਜਿਉਂ ਬੈਲਾਂ ਦੀਆਂ ਟੱਲੀਆਂ ।
ਤੂੰਬੀ ਜਮਲੇ ਦੀ,
ਗੀਤਾਂ ਹੇਕਾਂ ਮੱਲੀਆਂ ।
ਸਾਡੇ ਖੇਤੀਂ ਕਣਕਾਂ ਪੱਕੀਆਂ
ਬੰਬੀਓਂ ਦਿੱਤਾ ਪਾਣੀ ।
ਖੇਤ ਅਸਾਡੇ ਸੋਨਾ ਉਗਲਣ
ਸੱਚੀ ਬਾਤ ਇਹ ਜਾਣੀਂ ।
ਸ਼ਾਮੋ ਇਉਂ ਨੱਚਦੀ,
ਜਿਉਂ ਚਾਂਦੀ ਵਿਚ ਮਧਾਣੀ ।

ਸਾਡੇ ਖੇਤੀਂ ਕਣਕਾਂ ਪੱਕੀਆਂ
ਕਣਕਾਂ ਬੋਹਲ ਸਜਾਏ ।
ਮਾਰ ਫਰਾਟੇ ਚੱਲੇ ਡਰੰਮੀ
ਤੂੜੀ ਢੇਰ ਲਗਾਏ ।
ਭੰਗੜਾ ਪਾ ਮਿੱਤਰਾ,
ਢੋਲੀ ਢੋਲ ਵਜਾਏ ।

# ਸਾਡਾ ਟਰੈਕਟਰ

ਲੈ ਲਿਆ ਟਰੈਕਟਰ ਅਸੀਂ ਹਰੇ ਰੰਗ ਦਾ,
ਵੇਖੇ ਸਾਰਾ ਪਿੰਡ ਜਦੋਂ ਕੋਲੋਂ ਲੰਘਦਾ।
ਤਵੀਆਂ ਦੇ ਨਾਲ ਤੱਪੜ ਵਾਹੇ ਜਾਵਣੇ,
ਟਿੱਲਰਾਂ ਸਿਆੜ ਯਾਰੋ ਡੂੰਘੇ ਪਾਵਣੇ।
ਕਰਨੇ ਖੇਤ ਪਧਰੇ ਸੁਆਗਾ ਮਾਰਕੇ,
ਕੱਲਾ ਕੱਲਾ ਖੇਤ ਵਾਹੁਣਾ ਹੈ ਸੁਆਰਕੇ।
ਨਵੇਂ ਬੀਜ, ਨਵੇਂ ਢੰਗਾਂ ਨਾਲ ਕੇਰੀਏ,
ਟਰੈਕਟਰਾਂ ਦੇ ਪਿੱਛੇ ਪਿੱਛੇ ਡਰਿੱਲ ਫੇਰੀਏ।
ਨਵੇਂ ਨਵੇਂ ਖਾਦ ਫਸਲਾਂ ਵਧਾਂਵਦੇ,
ਖੁਸ਼ੀਆਂ ਦੇ ਨਾਲ ਜੱਟ ਹੇਕਾਂ ਲਾਂਵਦੇ।
ਟਰੈਕਟਰਾਂ ਤੇ ਬੰਬੀਆਂ ਗੂੰਜਾਰਾਂ ਪਾਈਆਂ ਨੇ,
ਮਿਹਨਤਾਂ ਦੇ ਨਾਲ ਹੀ ਬਹਾਰਾਂ ਆਈਆਂ ਨੇ।
ਵਾਹੁਣਾ ਚੰਗਾ ਦੱਬਕੇ ਤੇ ਖਾਣਾ ਚੰਗਾ ਰੱਜ ਕੇ,
ਮੇਲੇ ਚੰਗਾ ਲੱਗੇ ਯਾਰੋ ਜਾਣਾ ਸੱਜਕੇ।


# ਰਲ ਮਿਲ ਦੇਸ਼ ਉਸਾਰੀਏ

ਅਸੀਂ ਗਭਰੂ ਭਾਰਤ ਦੇਸ਼ ਦੇ
ਸਾਡੀ ਫੁੱਲਾਂ ਜਿਹੀ ਮੁਸਕਾਨ।
ਅਸੀਂ ਦੇਸ਼ ਦੇ ਰਾਖੇ ਸੂਰਮੇ
ਅਸੀਂ ਹੋ ਜਾਈਏ ਕੁਰਬਾਨ।

ਸਾਡੇ ਗੁੰਦਵੇਂ ਡੌਲੇ ਦੋਸਤੋ,
ਸਾਡੇ ਅਣਖੀ ਲਹੂ 'ਚ ਤਾਣ।
ਸਾਥੋਂ ਵੈਰੀ ਕੰਬਣ ਦੋਸਤੋ
ਅਸੀਂ ਡਟੀਏ ਵਾਂਗ ਚਟਾਨ।

ਅਸੀਂ ਅਮਨ ਪੁਜਾਰੀ ਭਾਰਤੀ
ਸਾਨੂੰ ਜਾਣੇ ਕੁੱਲ ਜਹਾਨ।
ਅਸੀਂ ਜੰਗ ਨੂੰ ਰੋਕਣ ਵਾਸਤੇ
ਹੈ ਖੱਟਿਆ ਜੱਗ ਵਿਚ ਮਾਣ।

ਸਾਡੀ ਭਿੰਨਤਾ ਵਿਚ ਹੈ ਏਕਤਾ
ਆਖਣ ਪੀਰ, ਗੁਰੂ, ਵਿਦਵਾਨ।
ਆਓ ਰਲ ਮਿਲ ਦੇਸ਼ ਉਸਾਰੀਏ
ਇਸਦੀ ਉੱਚੀ ਕਰੀਏ ਸ਼ਾਨ॥



# ਵੰਡੀਏ ਫੁੱਲ ਸੁਗੰਧੀ

ਫੁੱਲ ਖਿੜੇ ਨੇ ਰੰਗ -ਬਰੰਗੇ,
ਸਭ ਦੇ ਮਨ ਨੂੰ ਲੱਗਣ ਚੰਗੇ।
ਆਲਾ ਦੁਆਲਾ ਲੱਗੇ ਪਿਆਰਾ,
ਬਾਲਾਂ ਦਾ ਜਿਉਂ ਹਾਸਾ ਨਿਆਰਾ।
ਟਹਿਣੀ ਦੇ ਸੰਗ ਫੁੱਲ ਨੇ ਹੱਸਦੇ,
ਜਿਉਂ ਮਾਵਾਂ ਸੰਗ ਪੁੱਤਰ ਵੱਸਦੇ।
ਕਦੇ ਹੈ ਗੇਂਦਾ ਰੂਪ ਸਜਾਉਂਦਾ,
ਕਦੇ ਗੁਲਾਬ ਹੈ ਮੇਲੇ ਲਾਉਂਦਾ।
ਖਿੜੇ ਚਮੇਲੀ ਚਿੱਟੇ ਰੰਗ ਦੀ,
ਪੌਣ ਵੀ ਘੁੱਟਾਂ ਭਰ ਭਰ ਲੰਘਦੀ।
ਜਦ ਕੇਲੀ ਦੀ ਵਾਰੀ ਆਉਂਦੀ,
ਗੂੜ੍ਹਾ, ਸੂਹਾ ਰੰਗ ਸਜਾਉਂਦੀ।
ਸੂਰਜਮੁਖੀ ਸੂਰਜ ਵੱਲ ਝਲਕੇ,
ਸੋਨੇ ਦਾ ਜਿਉਂ ਟਿੱਕਾ ਡਲਕੇ।
ਕਦੇ ਦੁਪਹਿਰੀ ਖਿੜ ਖਿੜ ਹੱਸੇ,
ਕਣ ਕਣ ਅੰਦਰ ਕਾਦਰ ਵੱਸੇ।
ਕਦੇ ਡੇਲੀਆ ਮਨ ਨੂੰ ਮੋਹੇ,
ਤ੍ਰੇਲ ਫੁੱਲਾਂ ਦੇ ਮੁਖੜੇ ਧੋਏ।

ਫੁੱਲਾਂ ਨੂੰ ਨਾ ਤੋੜ ਪਿਆਰੇ,
ਸੁੰਦਰਤਾ ਦੇ ਮਾਣ ਨਜ਼ਾਰੇ ।
ਰਲ ਮਿਲ ਵੰਡੀਏ ਪੌਣ ਸੁਗੰਧੀ,
ਫੁੱਲਾਂ ਤੋਂ ਸਿੱਖੀਏ ਗੱਲ ਚੰਗੀ ॥

# ਚਾਨਣ ਦਾ ਗੀਤ

ਨੀ ਮਾਏ ਅਸੀਂ ਖਿੰਡ ਜਾਵਣਾ,
ਬਣ ਚਾਨਣ ਚਾਨਣ ਚੁਫੇਰੇ ।
ਨੀ ਮਾਏ ਮਿੱਟੀ ਮੇਰੇ ਦੇਸ਼ ਦੀ
ਫੁੱਲ ਜਣ ਖੁਸ਼ਬੋਈਆਂ ਖਲੇਰੇ ।

ਨੀ ਮਾਏ ਅਸੀਂ ਹੂੰਝ ਸੁੱਟਣੇ
ਰਲ ਪਾਂਧੀਆਂ ਦੇ ਰਾਹਾਂ, ਚੋਂ ਹਨੇਰੇ ।
ਨੀ ਮਾਏ ਅਸੀਂ ਛੱਡ ਨੀਂਦਰਾਂ
ਪੱਬ ਉੱਨਤੀ ਦੇ ਵੱਲ ਨੇ ਖਲੇਰੇ ।

ਨੀ ਮਾਏ ਅਸੀਂ ਉੱਚੇ ਉਡੱਣਾ
ਲੈ ਕੇ ਖੰਭਾਂ ਵਿਚ ਸੋਨ - ਸਵੇਰੇ ।
ਨੀ ਮਾਏ ਅਸੀਂ ਵਾਸੀ ਮਿਹਨਤੀ,
ਜੰਗ ਜਿੱਤਦੇ ਨੇ ਸੂਰਮੇ ਦਲੇਰੇ ।

ਨੀ ਮਾਏ ਅਸੀਂ ਵੀਰ ਭਾਰਤੀ,
ਚਾਹੀਏ ਅੰਬਰਾਂ ਦੇ ਢੂੰਡਣੇ ਬਨੇਰੇ ।
ਨੀ ਮਾਏ ਅਸੀਂ ਛੂਹ ਮੰਜ਼ਿਲਾਂ
ਕੰਮ ਕਰਨੇ ਨੇ ਹੋਰ ਵੀ ਬਥੇਰੇ ।

ਨੀ ਮਾਏ ਅਸੀਂ ਖਿੰਡ ਜਾਵਣਾ
ਬਣ ਚਾਨਣ ਚਾਨਣ ਚੁਫੇਰੇ ॥


# ਬਸੰਤ ਰੁੱਤ

ਕਿੰਨੀ ਸੋਹਣੀ ਰੁੱਤ ਬਸੰਤ,
ਖੁਸ਼ੀ ਮਨਾਵਣ ਜੀਵ ਤੇ ਜੰਤ ।
ਫੁੱਲ ਸਰ੍ਹੋਂ ਦੇ ਖਿੜ ਖਿੜ ਹੱਸਣ,
ਰੰਗ - ਬਰੰਗੀਆਂ ਤਿਤਲੀਆਂ ਨੱਸਣ ।
ਕਿੱਕਲੀ ਪਾ ਪਾ ਕਣਕਾਂ ਨੱਚਣ ।
ਫੁੱਲਾਂ ਦੇ ਰਸ ਭੌਰੇ ਚੱਖਣ ।

ਕਿੰਨਾ ਸੋਹਣਾ ਮੌਸਮ ਆਇਆ,
ਬਿਰਛ ਬੂਟਿਆਂ ਰੂਪ ਸਜਾਇਆ ।
ਸੂਰਜ ਕਿਰਨਾਂ ਵੰਡਣ ਆਇਆ,
ਧੁੱਪ ਨੇ ਪਾਲਾ ਝੱਟ ਭਜਾਇਆ ।

ਉੱਚੇ ਚੜ੍ਹ ਪਤੰਗ ਉਡਾਈਏ,
ਜੋਟੀਆਂ ਬੰਨ੍ਹ ਬੰਨ੍ਹ ਭੰਗੜਾ ਪਾਈਏ ।
ਪੈਸੇ ਲੈ ਕੇ ਮੇਲੇ ਜਾਈਏ,
ਮੌਜਾਂ, ਖੁਸ਼ੀਆਂ ਖੂਬ ਮਨਾਈਏ ।
ਰੰਗ ਬਸੰਤੀ ਕੱਪੜੇ ਪਾਈਏ ।
ਧਰਤੀ ਮਾਂ ਨੂੰ ਸੀਸ ਨਿਵਾਈਏ ।

ਕਿੰਨੀ ਸੋਹਣੀ ਰੁੱਤ ਬਸੰਤ,
ਸਰਦੀ ਪਾਲਾ ਹੋਏ ਉਡੰਤ ।



## ਬੋਲੀਆਂ

ਬੱਲੇ, ਬੱਲੇ, ਬੱਲੇ
ਕਰਮੂ, ਧਰਮੂ ਦੋਵੇਂ ਹਾਣੀ
ਪੜ੍ਹਨ ਸਕੂਲੇ ਚੱਲੇ ।

ਤਰੀਏ, ਤਰੀਏ, ਤਰੀਏ
ਵਿੱਦਿਆ ਹੈ ਜੀਵਨ ਦਾ ਗਹਿਣਾ
ਖ਼ੂਬ ਪੜ੍ਹਾਈ ਕਰੀਏ ।

ਤਣੀਏ, ਤਣੀਏ, ਤਣੀਏ
ਸੱਚ ਬੋਲਣ ਦੀ ਆਦਤ ਚੰਗੀ
ਬੀਬੇ ਬਾਲਕ ਬਣੀਏ ।


ਤਾਰਾਂ, ਤਾਰਾਂ, ਤਾਰਾਂ
ਦੇਸ਼ ਦੀ ਉੱਨਤੀ ਲਈ
ਮੈਂ ਹੱਸ ਹੱਸ ਜਿੰਦੜੀ ਵਾਰਾਂ ।

ਪਹੀਏ, ਪਹੀਏ, ਪਹੀਏ
ਅਸੀਂ ਭਾਰਤੀ ਵਾਸੀ ਸਾਰੇ
ਵਾਂਗ ਭਰਾਵਾਂ ਰਹੀਏ ।

## ਕਿੱਕਲੀ ਦਾ ਗੀਤ

ਕਿੱਕਲੀ ਕਲੀਰ ਦੀ,
ਪੱਗ ਮੇਰੇ ਵੀਰ ਦੀ।
ਭਾਬੋ ਮੇਰੀ ਸਰ੍ਹੋਂ ਦਾ
ਸਾਗ ਬੈਠੀ ਚੀਰਦੀ।
ਸਾਗ ਧਰ ਬਣਾਏਗੀ,
ਲੱਪ ਆਲਣ ਪਾਏਗੀ।
ਜ਼ੋਰ ਜ਼ੋਰ ਘੋਟੇਗੀ,
ਤੌੜੀ ਬੈਠ ਪੋਚੇਗੀ।
ਤਵਾ ਚੁੱਲ੍ਹੇ ਰੱਖੇਗੀ,
ਅੱਗ ਬਾਲ ਹੱਸੇਗੀ।
ਆਟਾ ਗਿੱਲਾ ਕਰੇਗੀ,
ਪਰਾਤ ਵਿਚ ਮਲੇਗੀ।
ਰੋਟੀ ਤਵੇ ਪਾਏਗੀ,
ਚੂੜਾ ਵੀ ਛਣਕਾਏਗੀ।
ਰੋਟੀਆਂ ਪਕਾਏਗੀ,
ਨਾਲੇ ਗੀਤ ਗਾਏਗੀ।
ਵੀਰ ਮੇਰਾ ਆਵੇਗਾ,
ਤਾਜ਼ੀ ਰੋਟੀ ਖਾਵੇਗਾ।
ਕਿੱਕਲੀ ਕਲੀਰ ਦੀ,
ਪੱਗ ਮੇਰੇ ਵੀਰ ਦੀ॥





## ਸਾਡੀ ਬੰਬੀ

ਸਾਡੇ ਖੇਤਾਂ ਦੇ ਵਿਚ ਬੰਬੀ,
ਸਾਨੂੰ ਲਗਦੀ ਬੜੀ ਹੀ ਚੰਗੀ ।
ਇਹ ਬਿਜਲੀ ਨਾਲ ਹੈ ਚੱਲਦੀ,
ਪਾਣੀ ਖੇਤਾਂ ਦੇ ਵਿਚ ਘੱਲਦੀ ।
ਪਾਣੀ ਖਾਲ਼ਾਂ ਦੇ ਵਿਚ ਚਮਕੇ,
ਚਿੱਟੀ ਚਾਂਦੀ ਵਾਂਗੂੰ ਦਮਕੇ ।
ਅਸੀਂ ਬੈਠ ਚੁੱਬਚੇ ਨਹਾਈਏ,
ਹੱਸੀਏ, ਟੱਪੀਏ, ਗਾਣੇ ਗਾਈਏ ।
ਚੱਲੇ ਰਾਤ ਦਿਨੇ ਜਦ ਬੰਬੀ,
ਹੁੰਦੀ ਫ਼ਸਲ ਫੇਰ ਹੈ ਚੰਗੀ ।
ਸਾਡੀ ਬੰਬੀ ਤੇ ਰੌਣਕ ਪਿਆਰੀ,
ਸੋਹਣੀ ਲੱਗੇ ਫੁੱਲਾਂ ਦੀ ਕਿਆਰੀ ।
ਉਥੇ ਸਬਜ਼ੀ ਅਸੀਂ ਉਗਾਈਏ,
ਨਿੱਤ ਤਾਜ਼ੀ ਲਿਆਕੇ ਖਾਈਏ ।
ਸਾਡੀ ਬੰਬੀ ਤੇ ਠੰਡੀਆਂ ਛਾਵਾਂ,
ਮੈਂ ਗੀਤ ਖੁਸ਼ੀ ਦੇ ਗਾਵਾਂ ।
ਸਾਡੇ ਖੇਤਾਂ ਦੇ ਵਿਚ ਬੰਬੀ,
ਸਾਨੂੰ ਲਗਦੀ ਬੜੀ ਹੀ ਚੰਗੀ ।

# ਕਿਰਨਾਂ ਦਾ ਸੁਨੇਹਾ

ਹਰ ਕੰਢੇ ਨੇ ਪੁਲ ਹੈ ਬਣਨਾ
ਲਹਿਰਾਂ ਨੇ ਲਿਸ਼ਕਾਰੇ ।
ਹਰ ਪੰਛੀ ਨੇ ਅੰਬਰ ਉੱਡਣਾ,
ਤੋੜਕੇ ਬੰਧਨ ਸਾਰੇ ।

ਹਰ ਦਿਲ ਅੰਦਰ ਸੂਰਜ ਉੱਗਣਾ
ਸੋਚਾਂ ਬਣਨ ਸਵੇਰੇ ।
ਹਰ ਕਿਣਕੇ ਨੇ ਜਾਗ ਉੱਠਣਾ
ਛੱਡਕੇ ਨੀਂਦੇ ਹਨੇਰੇ ।

ਕਿਰਨਾਂ ਦੇ ਵਿਚ ਅਮਨ ਸੁਨੇਹਾ
ਹਰ ਬੂਹੇ ਖੁਸ਼ਬੋਈ ।
ਤੀਜੀ ਲਾਮ ਲਗਣ ਨਹੀਂ ਦੇਣੀ
ਇਕ ਤੰਦ ਧਰਤ ਪਰੋਈ ।

ਹਰ ਬੀ ਅੰਦਰ ਜੀਵਨ ਜਿਊਂਦਾ
ਕੀ ਹੌਲਾ ਕੀ ਭਾਰਾ ।
ਹਰ ਬੱਚਾ ਹੈ ਦੂਤ ਸਮੇਂ ਦਾ
ਹਰ ਪਲ ਬੜਾ ਪਿਆਰਾ ।

ਹਿੰਦ ਦੇਸ਼ ਦੇ ਵਾਸੀ ਸਾਰੇ
ਵੱਸਣ ਬਣਕੇ ਇਕ ਲੋਕਾਈ ।
ਹਰ ਔਕੜ ਨੂੰ ਤਰ ਸਕਦੇ ਹਾਂ
ਹਿੰਦੂ, ਮੁਸਲਿਮ, ਸਿੱਖ, ਈਸਾਈ ॥



## ਸ਼ਹੀਦ ਭਗਤ ਸਿੰਘ

ਭਾਰਤ ਮਾਂ ਦਾ ਪੁੱਤ ਪਿਆਰਾ।

ਖਟਕੜ ਕਲਾਂ ਦਾ ਚੜ੍ਹਦਾ ਤਾਰਾ।

ਜੀਵਨ ਸਾਰਾ ਲੇਖੇ ਲਾਇਆ।

ਇਨਕਲਾਬ ਦਾ ਗੀਤ ਤੂੰ ਗਾਇਆ।

ਜਿੰਦ ਤਲੀ ਤੇ ਵਾਰਨ ਵਾਲਾ।

ਦੇਸ਼ ਕੌਮ ਨੂੰ ਪਿਆਰਨ ਵਾਲਾ।

ਅਣਖ ਆਜ਼ਾਦੀ ਦਾ ਸੀ ਆਸ਼ਕ।

ਕਹਿਣੀ ਤੇ ਕਰਨੀ ਦਾ ਮਾਲਕ।

ਚੁੰਮਕੇ ਰੱਸਾ ਫਾਂਸੀ ਚੜ੍ਹਿਆ।

ਤੈਥੋਂ ਗੋਰਾ ਥਰ ਥਰ ਡਰਿਆ।

ਤੇਰੀ ਯਾਦ ਮਨਾਈਏ ਸਾਰੇ।

ਤੇਰੀ ਘੋੜੀ ਗਾਈਏ ਪਿਆਰੇ।

## ਬੁੱਢਾ ਮੋਚੀ
(ਸ਼ਬਦ ਚਿੱਤਰ)

ਸ਼ਹਿਰ ਬੜਾ ਇਹ ਸੋਹਣਾ ਲਗਦਾ
ਲੋਕ ਸੜਕ ਤੋਂ ਲੰਘਦੇ ਰਹਿੰਦੇ ।
ਔਹ, ਇਕ ਖੂੰਜੇ ਮੋਚੀ ਬੈਠਾ
ਜਿਸਨੂੰ ਲੋਕੀਂ ਬਾਬਾ ਕਹਿੰਦੇ ।

ਪਿੰਡਾ ਉਸਦਾ ਝੁਰੜੀਆਂ ਵਾਲਾ,
ਉਮਰ ਉਸਦੀ ਸੱਤਰ ਸਾਲਾ ।
ਲੀਰਾਂ ਫਟੀਆਂ ਕੱਪੜੇ ਮੈਲੇ,
ਕਈ ਪੁਰਾਣੇ ਉਸਦੇ ਥੈਲੇ ।

ਠੀਕਰ ਵਿਚ ਪਾਣੀ ਹੈ ਪਾਇਆ,
ਛਿੱਤਰਾਂ ਦਾ ਹੈ ਢੇਰ ਲਗਾਇਆ ।
ਰੰਬੀ ਉਸਦੀ ਬੜੀ ਪੁਰਾਣੀ,
ਦੱਸੇ ਦੁੱਖਾਂ ਭਰੀ ਕਹਾਣੀ ।

ਬੇਥੌਹ ਨੈਣਾਂ ਦੀ ਹੈ ਜੋਤੀ
ਕੰਬਦੇ ਕੰਬਦੇ ਹੱਥ ਏਸਦੇ ।
ਟੁੱਟੀਆਂ ਜੁੱਤੀਆਂ ਗੰਢਣ ਖਾਤਰ
ਅਜੇ ਵੀ ਆਪਣੇ ਕੰਮੀਂ ਲੱਗੇ ।

ਪਿੱਠ ਏਸਦੀ ਕੁੱਬੀ ਹੋਈ,
ਤੱਕ ਕੇ ਮੇਰੀ ਅੱਖੜੀ ਰੋਈ ।

ਲੋਕ ਕੋਲੋਂ ਦੀ ਲੰਘਦੇ ਰਹਿੰਦੇ
ਇਹ ਨਾ ਕਦੇ ਹਾਕ ਮਾਰਦਾ
ਗਾਹਕਾਂ ਦਾ ਕੰਮ ਚੰਗਾ ਕਰਕੇ
ਪੈਸਿਆਂ ਦਾ ਹੈ ਮੁੱਲ ਤਾਰਦਾ ।

ਉਂਜ ਤਾਂ ਸ਼ਹਿਰ ਇਹ ਬੜਾ ਪੁਰਾਣਾ
ਵੇਖਣ ਨੂੰ ਵੀ ਸੋਹਣਾ ਲਗਦਾ ॥

# ਤਾਰੇ

ਰਾਤੀਂ ਅੰਬਰ ਚਮਕਣ ਤਾਰੇ,
ਨਿੱਕੇ ਨਿੱਕੇ ਲੱਗਦੇ ਪਿਆਰੇ ।
ਝਿਲ ਮਿਲ ਝਿਲ ਮਿਲ ਕਰਦੇ ਹੱਸਦੇ,
ਸਾਡੇ ਕੋਲੋਂ ਦੂਰ ਨੇ ਵਸਦੇ ।
ਰਾਤ ਹਨੇਰੀ ਹੋਰ ਵੀ ਚਮਕਣ,
ਅੰਬਰ ਦੀਆਂ ਜਿਉਂ ਅੱਖੀਆਂ ਦਮਕਣ ।
ਚੰਨ ਇਹਨਾਂ ਵਿਚ ਸੋਹਣਾ ਲੱਗੇ ,
ਸਾਡੇ ਵੱਲ ਨੂੰ ਰਿਸ਼ਮਾਂ ਛੱਡੇ ।
ਮੈਂ ਵੀ ਤਾਰਾ ਬਣ ਰੁਸ਼ਨਾਵਾਂ,
ਚੰਗੀ, ਉੱਚੀ ਵਿੱਦਿਆ ਪਾਵਾਂ ।

## ਛਮ ਛਮ ਕਰਕੇ ਵਰਖਾ ਆਈ

ਕਿੰਨਾ ਸੋਹਣਾ ਮੌਸਮ ਆਇਆ,
ਵਰਖਾ ਰੁੱਤ ਪਿਆਰੀ ਲਿਆਇਆ ।
ਠੰਡੀ ਠੰਡੀ 'ਵਾ ਪਈ ਵੱਗੇ,
ਕੁਦਰਤ ਪਿਆਰੀ ਪਿਆਰੀ ਲੱਗੇ ।
ਅੰਬਰ ਤੇ ਹਨ ਬੱਦਲ ਛਾਏ,
ਬਿਜਲੀ ਚਮਕੇ, ਸ਼ੋਰ ਮਚਾਏ ।
ਨਾਲ ਖੁਸ਼ੀ ਦੇ ਨੱਚਣ ਮੋਰ,
ਕੂਕਣ ਬਾਗ਼ੀਂ ਪਾਵਣ ਸ਼ੋਰ ।
ਕੜਕੇ ਬਿਜਲੀ, ਲਿਸ਼ਕੇ ਅੰਬਰ,
ਬੱਚੇ ਡਰਕੇ ਵੜ ਗਏ ਅੰਦਰ ।
ਛਮ ਛਮ ਕਰਕੇ ਵਰਖਾ ਆਈ,
ਕਣੀਆਂ ਨੇ ਹੈ ਛਹਿਬਰ ਲਾਈ ।
ਭਰ ਭਰ ਕੇ ਪਰਨਾਲੇ ਚੱਲੇ,
ਲੋਕੀਂ ਆਖਣ ਬੱਲੇ ਬੱਲੇ ।
ਟਹਿਕੇ ਫੁੱਲ, ਬੂਟੇ ਤੇ ਘਾਹ,
ਫਸਲਾਂ ਨੂੰ ਵੀ ਚੜ੍ਹਿਆ ਚਾਅ ।
ਪਾਣੀ ਪੀ ਕੇ ਧਰਤੀ ਰੱਜੀ ।
ਠੰਡਕ ਆਈ,, ਗਰਮੀ ਭੱਜੀ ।
ਸਭ ਨੇ ਰਲਕੇ ਖੁਸ਼ੀ ਮਨਾਈ,
ਵਾਹਵਾ ਵਰਖਾ ਦੀ ਰੁੱਤ ਆਈ ।

# ਸਾਡੀ ਬਿੱਲੀ

ਸਾਡੇ ਘਰ ਇਕ ਬਿੱਲੀ ਸੋਹਣੀ,
ਉਸਨੂੰ ਕਹਿੰਦੇ ਸਾਰੇ 'ਮੋਹਣੀ' ।
ਸਾਨੂੰ ਲੱਗੇ ਬਹੁਤ ਪਿਆਰੀ,
ਲਾਡ ਲਵੇ ਤੇ ਬਣੇ ਵਿਚਾਰੀ ।
ਡੱਬ - ਖੜੱਬੇ ਇਸਦੇ ਵਾਲ,
ਲਾ ਟਪੂਸੀ ਮਾਰੇ ਛਾਲ ।
ਅੱਖਾਂ ਰਾਤੀਂ ਏਦਾਂ ਚਮਕਣ,
ਜਿੰਵੂ ਸ਼ੀਸ਼ੇ ਧੁੱਪੇ ਦਮਕਣ ।
ਦੁੱਧ ਏਸਨੂੰ ਲੱਗੇ ਚੰਗਾ,
ਪੂਛ ਹਿਲਾਕੇ ਦੇਵੇ ਪੰਜਾ ।
ਘਰ ਵਿਚ ਫਿਰਦੀ ਪੈਰ ਦਬਾਕੇ,
ਚੂਹੇ ਖਾਂਦੀ ਖੂਬ ਚਬਾਕੇ ।
ਮਿਆਊਂ ਮਿਆਊਂ ਕਰਦੀ ਰਹਿੰਦੀ,
ਕੁੱਤਿਆਂ ਕੋਲੋਂ ਡਰਕੇ ਬਹਿੰਦੀ ।
ਮੰਜੇ ਥੱਲੇ ਹੈ ਲੁਕ ਜਾਂਦੀ,
ਸਾਡੇ ਮਨ ਨੂੰ ਹੈ ਪਰਚਾਂਦੀ ।
ਸਾਡੇ ਘਰ ਇਕ ਬਿੱਲੀ ਸੋਹਣੀ,
ਉਸਨੂੰ ਕਹਿੰਦੇ ਸਾਰੇ 'ਮੋਹਣੀ' ।

# ਇਸ ਸੀਰੀਜ਼ ਦੀਆਂ ਹੋਰ ਪੁਸਤਕਾਂ

1. ਚੰਗੀਆਂ ਆਦਤਾਂ
2. ਸਾਥੀ ਦੀ ਭਾਲ
3. ਪਰੀਆਂ ਦਾ ਦੇਸ਼
4. ਚਾਨਣ ਦੀ ਟਹਿਣੀ

ਧਨੁ ਲੇਖਾਰੀ ਨਾਨਕਾ
ਭਾਸ਼ਾ ਵਿਭਾਗ ਪੰਜਾਬ